



# ਸਭਿਆਚਾਰ, ਭਾਸ਼ਾ ਅਤੇ ਭਾਸ਼ਾ ਵਿਗਿਆਨ

ਸਭਿਆਚਾਰ ਮਨੁੱਖੀ ਸਮਾਜ ਦਾ ਅਹਿਮ ਵਰਤਾਰਾ ਹੈ। ਕੋਈ ਵੀ ਸਮਾਜ, ਸਭਿਆਚਾਰ ਤੋਂ ਸੱਖਣਾ ਨਹੀਂ ਹੁੰਦਾ। ਜਿੱਥੇ ਮਨੁੱਖੀ ਸਮਾਜ ਹੈ, ਉਥੇ ਹੀ ਸਭਿਆਚਾਰ ਹੋਵੇਗਾ। 'ਸਭਯ' ਧਾਤੂ ਤੋਂ ਉਤਪੰਨ ਸਭਿਆਚਾਰ ਸ਼ਬਦ ਦੇ ਕਲਾਵੇ ਵਿਚ ਉਹ ਸਾਰੇ ਤੱਤ ਵਿਦਮਾਨ ਹੁੰਦੇ ਹਨ, ਜੋ ਮਨੁੱਖ ਨੂੰ ਸਭਿਅਕ ਬਣਾਉਂਦੇ ਹਨ। ਅਸਲ ਵਿਚ ਮਨੁੱਖ ਨੂੰ ਇਕ ਸਮਾਜਕ ਜੀਵ ਬਣਾਉਣ ਵਿਚ ਜਿਹਨਾਂ ਤੱਤਾਂ ਦਾ ਯੋਗਦਾਨ ਹੁੰਦਾ ਹੈ, ਉਹਨਾਂ ਤੱਤਾਂ ਦੀ ਵਿਵਸਥਾ ਦਾ ਹੀ ਨਾਮ 'ਸਭਿਆਚਾਰ' ਹੈ।

ਪ੍ਰੋ. ਪਿਆਰਾ ਸਿੰਘ ਪਦਮ ਦੇ ਸ਼ਬਦਾਂ ਵਿਚ:

> ਸੰਸਾਰ ਇਕ ਵਿਸ਼ਾਲ ਵਿਚਿੱਤਰ ਬਿਰਛ ਹੈ, ਜਿਸਦਾ ਖਿੜਿਆ ਫੁੱਲ ਸਭਿਅਤਾ ਹੈ ਤੇ ਇਸਦੀ ਭਿੰਨੀ ਭਿੰਨੀ ਮਹਿਕ ਸਭਿਆਚਾਰ ਹੈ ...... ਦਰਅਸਲ ਸਭਿਆਚਾਰ ਹੀ ਮਨੁੱਖ ਦੀ ਮਨੁੱਖਤਾ ਦਾ ਮਿਆਰ ਹੈ। ਵੈਸੇ ਤਾਂ ਸਾਰੇ ਪ੍ਰਾਣੀ ਹੀ ਖਾਣ, ਪੀਣ, ਸੌਣ, ਭੋਗਣ ਤੇ ਚਲਣ ਫਿਰਨ ਵਿਚ ਸਮਾਨ ਹੀ ਹਨ, ਮਨੁੱਖ ਹੀ ਐਸਾ ਜੀਵ ਹੈ ਜਿਸਦੀ ਵਿਸ਼ੇਸ਼ਤਾ ਇਸਦਾ ਸਾਊ ਸਲੀਕਾ ਜਾਂ ਸਭਿਆਚਾਰ ਹੈ.... ਸੋ ਸਭਿਆਚਾਰ ਸਾਊ ਸਲੀਕੇ ਦਾ ਸੰਗਮ ਹੈ।[1]

ਸਭਿਆਚਾਰ ਦਾ ਸੰਕਲਪ ਆਪਣੇ-ਆਪ ਵਿਚ ਬੇਹੱਦ ਵਿਸ਼ਾਲ ਹੈ। ਇਸਦੀ ਢੁੱਕਵੀਂ ਅਤੇ ਸੰਪੂਰਨ ਪਰਿਭਾਸ਼ਾ ਦੇਣ ਦੇ ਰਾਹ ਵਿਚ ਕਈ ਸਮੱਸਿਆਵਾਂ ਆਉਂਦੀਆਂ ਹਨ। ਪਹਿਲੀ ਸਮੱਸਿਆ ਤਾਂ ਇਸਦੀ ਨਿਰੰਤਰ ਪਰਿਵਰਤਨਸ਼ੀਲਤਾ ਵਿਚ ਨਿਹਿਤ ਹੈ। ਦੂਜੀ ਸਮੱਸਿਆ ਇਹ ਹੈ ਕਿ ਹਰੇਕ ਸਮਾਜਕ ਸਮੂਹ ਦਾ ਸਭਿਆਚਾਰ ਆਪਣੀ ਨਿਵੇਕਲੀ ਪਛਾਣ ਰੱਖਦਾ ਹੈ ਅਤੇ ਉਸ ਅੰਦਰ ਅੱਗੋਂ ਵੰਨ-ਸੁਵੰਨਤਾ ਦੇ ਲੱਛਣ ਵਿਦਮਾਨ ਹੁੰਦੇ ਹਨ। ਤੀਜੀ ਸਮੱਸਿਆ ਇਹ ਹੈ ਕਿ ਕੋਈ ਵੀ ਸਭਿਆਚਾਰ ਸੁਤੰਤਰ ਹੋਂਦ ਦਾ ਦਾਅਵਾ ਨਹੀਂ ਕਰ ਸਕਦਾ, ਕਿਉਂ ਜੋ ਕੌਮਾਂਤਰੀ ਪੱਧਰ ਦਾ ਸਭਿਅਕ ਆਦਾਨ-ਪ੍ਰਦਾਨ ਇਸਨੂੰ ਪੂਰੀ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਹੈ। ਇਸ ਕਾਰਨ ਇਹ ਨਿਰਣਾ ਕਰਨਾ ਕਠਿਨ ਹੋ ਜਾਂਦਾ ਹੈ ਕਿ ਕਿਹੜੇ ਸਭਿਆਚਾਰ ਅੰਦਰ ਕਿਸ ਸਭਿਆਚਾਰ ਦਾ ਅੰਸ਼ ਕਦੋਂ ਤੇ ਕਿਵੇਂ ਪ੍ਰਵੇਸ਼ ਕੀਤਾ? ਇਸਦੇ ਨਾਲ-ਨਾਲ ਚੌਥੀ ਸਮੱਸਿਆ ਸਭਿਆਚਾਰ ਦਾ ਬਹੁਪਰਤੀ, ਬਹੁਅਰਥੀ ਅਤੇ ਬਹੁਦਿਸ਼ਾਵੀਂ ਪ੍ਰਯੋਗ ਵੀ ਇਸਦੇ ਸੰਕਲਪ ਨੂੰ ਪਰਿਭਾਸ਼ਤ ਕਰਨ ਦੇ ਰਾਹ ਵਿਚ ਰੁਕਾਵਟ ਬਣਦਾ ਹੈ।

ਸਭਿਆਚਾਰ ਨੂੰ ਸਮੇਂ-ਸਮੇਂ ਉੱਤੇ ਵੱਖ-ਵੱਖ ਦਾਰਸ਼ਨਿਕਾਂ, ਮਾਨਵ-ਵਿਗਿਆਨੀਆਂ ਅਤੇ ਸਮਾਜ-ਵਿਗਿਆਨੀਆਂ (ਈ.ਬੀ ਟਾਇਲਰ, ਮੈਲਿਨੋਵਸਕੀ, ਕ੍ਰੋਇਬਰ, ਔਗਬਰਨ, ਬਰਗਸਨ, ਹਰਸਕੋਵਿਟਸ, ਸਪੇਂਗਲਰ, ਲੈਵੀ ਸਤ੍ਰਾਸ, ਮੈਕਾਈਵਰ ਆਦਿ) ਵੱਲੋਂ ਪ੍ਰੀਭਾਸ਼ਤ ਕੀਤਾ ਜਾਂਦਾ ਰਿਹਾ ਹੈ। ਇਹਨਾਂ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਸਭਿਆਚਾਰ ਦੇ ਸਰੂਪ ਸਬੰਧੀ ਕੁਝ ਕੁ



**ਡਾ. ਮਿੰਨੀ ਸਲਵਾਨ**
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਖ਼ਾਲਸਾ ਕਾਲਜ
ਅੰਮ੍ਰਿਤਸਰ
93563-02480
minisalwan9@gmail.com

ਨਿਮਨ ਪੱਖ ਨਿਰਧਾਰਤ ਕੀਤੇ ਹਨ :

- ਸਭਿਆਚਾਰ ਮਨੁੱਖੀ ਹੋਂਦ ਸਥਿਤੀ ਦਾ ਪ੍ਰਤਿਮਾਨ ਹੈ। ਇੰਞ ਵੀ ਕਹਿ ਸਕਦੇ ਹਾਂ ਕਿ ਸਭਿਆਚਾਰ ਮਨੁੱਖ ਦਾ ਹੀ ਹੁੰਦਾ ਹੈ ਅਤੇ ਮਨੁੱਖ ਦਾ ਦਰਜਾ/ਸਥਾਨ ਹੀ ਸਭਿਆਚਾਰ ਦਾ ਪਛਾਣ ਬਿੰਦੂ ਬਣਦਾ ਹੈ। ਮਨੁੱਖ ਨੇ ਆਪਣਾ ਸਮਾਜਕ ਰੁਤਬਾ ਆਪਣੇ ਸਭਿਆਚਾਰ ਦੇ ਮਾਧਿਅਮ ਰਾਹੀਂ ਹੀ ਗ੍ਰਹਿਣ ਕੀਤਾ ਹੈ। "ਮਨੁੱਖ ਅਤੇ ਸਭਿਆਚਾਰ ਸਚਮੁੱਚ ਸਾਂਝੇ ਹਨ। ਮਨੁੱਖ ਭਾਵੇਂ ਕਿੰਨੀ ਵੀ ਨੀਵੀਂ ਜਾਂ ਉਚੇਰੀ ਪੱਧਰ ਉੱਤੇ ਹੋਵੇ, ਉਸਦਾ ਆਪਣਾ ਸਭਿਆਚਾਰ ਹੋਵੇਗਾ। ਭਾਵ ਇਹ ਕਿ ਮਨੁੱਖ ਤੋਂ ਬਿਨਾਂ ਕੋਈ ਸਭਿਆਚਾਰ ਨਹੀਂ ਹੁੰਦਾ ਅਤੇ ਸਭਿਆਚਾਰਕ ਮਨੁੱਖ ਹੀ ਚੰਗਾ ਇਨਸਾਨ ਹੋ ਸਕਦਾ ਹੈ।[2]
- ਸਭਿਆਚਾਰ ਮਨੁੱਖੀ ਜੀਵਨ ਦੀ ਆਧਾਰਸ਼ਿਲਾ ਹੈ। ਜੀਵਨ ਲਈ ਇਕ ਸਥਿਰ ਸੋਚ ਅਤੇ ਆਤਮ-ਨਿਰਭਰਤਾ ਬੇਹੱਦ ਜ਼ਰੂਰੀ ਹੈ। ਸਭਿਆਚਾਰ ਜਨਸਮੂਹ ਨੂੰ ਨਿਸਚਿਤ ਆਧਾਰ ਪ੍ਰਦਾਨ ਕਰਦਾ ਹੈ, ਜਿਸ ਉੱਤੇ ਚੱਲਦਿਆਂ ਮਨੁੱਖ ਆਪਣਾ ਧਿਆਨ ਆਪਣੇ ਵਿਕਾਸ ਵੱਲ ਲਗਾਉਂਦਾ ਹੈ। ਮਨੁੱਖ ਦਾ ਜੀਵਨ ਅਤੇ ਉਸਦੀ ਸ਼ਖ਼ਸੀਅਤ ਉਸਾਰੀ ਵਿਚ ਸਭਿਆਚਾਰ ਦੀ ਅਹਿਮ ਭੂਮਿਕਾ ਹੁੰਦੀ ਹੈ। "ਸਭਿਅਚਾਰ ਇਕ ਪ੍ਰਬੰਧ ਵਜੋਂ ਪੈਦਾ ਹੋਣ ਤੋਂ ਬਾਅਦ ਵੱਖ-ਵੱਖ ਆਦਰਸ਼ਾਂ ਤੇ ਕਦਰਾਂ-ਕੀਮਤਾਂ ਦੇ ਸਮੁੱਚ ਵਜੋਂ ਸਮਾਜਕ-ਇਤਿਹਾਸਿਕ ਹਾਲਤਾਂ ਵਿਚ ਜਿਹੜਾ ਜੀਵਨ ਢੰਗ ਸਿਰਜਦਾ ਹੈ, ਉਸਦਾ ਮਨੁੱਖੀ ਸ਼ਖ਼ਸੀਅਤ ਨੂੰ ਨਿਖਾਰਣ ਅਤੇ ਬਦਲਣ ਵਿਚ ਮੁੱਢਲਾ ਯੋਗਦਾਨ ਹੁੰਦਾ ਹੈ।[3]
- ਸਭਿਆਚਾਰ ਵਿਕਾਸਸ਼ੀਲ ਵਰਤਾਰਾ ਹੈ। ਇਹ ਪੀੜ੍ਹੀਆਂ ਤੋਂ ਪੀੜ੍ਹੀਆਂ ਤੱਕ ਦਾ ਨਿਰੰਤਰ ਵਹਾਅ ਹੈ। ਹਰ ਮਨੁੱਖ ਸਭਿਆਚਾਰ ਵਿਚ ਵੱਧਦਾ-ਫੁੱਲਦਾ ਹੋਇਆ ਇਸ ਨੂੰ ਗ੍ਰਹਿਣ ਕਰਦਾ ਹੈ। ਇਹ ਕੋਈ ਵਿਰਾਸਤ ਨਹੀਂ, ਜੋ ਬਿਨਾਂ ਕਿਸੇ ਯਤਨ ਦੇ ਮਨੁੱਖ ਨੂੰ ਪ੍ਰਾਪਤ ਹੋ ਜਾਵੇ, ਬਲਕਿ ਉਹ ਆਪਣੇ ਜੀਵਨ ਕਾਲ ਵਿਚ ਹੌਲੀ-ਹੌਲੀ ਇਸਨੂੰ ਸਮਾਜਕ ਬਣਤਰ ਦੇ ਵਰਤਾਰੇ, ਵਿਵਹਾਰ ਅਤੇ ਅਮਲ ਵਿਚੋਂ ਗ੍ਰਹਿਣ ਕਰਦਾ ਹੈ। ਇਸ ਪ੍ਰਕਾਰ ਜਨਮ ਤੋਂ ਮੌਤ ਤੱਕ ਮਨੁੱਖ ਦੀ ਗ੍ਰਹਿਣ ਕਰਨ ਦੀ ਪ੍ਰਕਿਰਿਆ ਨਿਰੰਤਰ ਚੱਲਦੀ ਰਹਿੰਦੀ ਹੈ।
- ਸਭਿਆਚਾਰ ਇਕ ਵਿਆਪਕ ਵਰਤਾਰਾ ਹੈ। ਦੂਜੇ ਸ਼ਬਦਾਂ ਵਿਚ ਸਭਿਆਚਾਰ ਕਿਸੇ ਜਾਤੀ, ਕੌਮ, ਸਮਾਜ ਜਾਂ ਦੇਸ਼ ਦੇ ਲੋਕਾਂ ਦੇ ਜੀਵਨ ਵਿਹਾਰ ਦੀਆਂ ਵਿਲੱਖਣਤਾਵਾਂ ਨੂੰ ਦਰਸਾਉਣ ਵਾਲੇ ਵਰਤਾਰੇ ਦਾ ਨਾਮ ਹੈ। ਇਸ ਵਰਤਾਰੇ ਵਿਚ ਮਨੁੱਖ ਦੀਆਂ ਆਰਥਿਕ, ਸਮਾਜਕ, ਰਾਜਸੀ, ਧਾਰਮਿਕ ਆਦਿ ਸਭ ਤਰ੍ਹਾਂ ਦੀਆਂ ਪਰਿਸਥਿਤੀਆਂ ਅਤੇ ਅਕਾਂਖਿਆਵਾਂ ਦਾ ਸਮਾਵੇਸ਼ ਹੁੰਦਾ ਹੈ। ਇਸ ਤੋਂ ਇਲਾਵਾ ਉਹ ਕਦਰਾਂ-ਕੀਮਤਾਂ ਜੋ ਕਿਸੇ ਦੇਸ਼, ਕੌਮ, ਸਮਾਜ ਦੀ ਤਰੱਕੀ ਲਈ ਚੰਗੀਆਂ ਮੰਨੀਆਂ ਜਾਂਦੀਆਂ ਹੋਣ, ਉਹ ਵੀ ਇਸ ਵਿਚ ਸੰਮਿਲਤ ਹੁੰਦੀਆਂ ਹਨ।
- ਸਭਿਆਚਾਰ ਇਕ ਪਰਿਵਰਤਨਸ਼ੀਲ ਵਰਤਾਰਾ ਹੈ। ਆਪਣੇ ਵਿਕਾਸਸ਼ੀਲ ਸੁਭਾਅ ਕਾਰਨ ਸਭਿਆਚਾਰਕ ਕਦਰਾਂ-ਕੀਮਤਾਂ ਦਾ ਮੁਹਾਂਦਰਾ ਨਿਸ਼ਚੇ ਹੀ ਬਦਲਦਾ ਰਹਿੰਦਾ ਹੈ। ਇਸ ਵਿਚ ਕਈ ਨਵੀਨ ਸਥਾਪਨਾਵਾਂ ਬਣਦੀਆਂ-ਢਹਿੰਦੀਆਂ ਰਹਿੰਦੀਆਂ ਹਨ। ਜਿਥੋਂ ਤੱਕ ਇਸਦੇ ਅੰਗਾਂ ਦਾ ਸੰਬੰਧ ਹੈ ਤਾਂ ਵਿਭਿੰਨ ਸਭਿਆਚਾਰਾਂ ਦੇ ਮੁੱਖ ਅੰਗ ਤਕਰੀਬਨ ਰਲਦੇ-ਮਿਲਦੇ ਹੀ ਹੁੰਦੇ ਹਨ। ਮਨੁੱਖ ਭਾਵੇਂ ਕਿਤੋਂ ਦਾ ਵੀ ਵਸਨੀਕ ਹੋਵੇ, ਉਸਦੀਆਂ ਬੁਨਿਆਦੀ ਲੋੜ੍ਹਾਂ ਇਕੋ ਜਿਹੀਆਂ ਹੀ ਹੁੰਦੀਆਂ ਹਨ, ਬੇਸ਼ੱਕ ਉਹਨਾਂ ਦੀ ਪ੍ਰਾਪਤੀ ਦੇ ਵਸੀਲੇ ਅਤੇ ਵਰਤੋਂ ਦੇ ਢੰਗ-ਤਰੀਕੇ ਭਿੰਨ-ਭਿੰਨ ਹੋ ਸਕਦੇ ਹਨ। ਪਰੰਤੂ ਇਹ ਵੀ ਯਾਦ ਰਹੇ ਕਿ ਕਿਸੇ ਵੀ ਮਨੁੱਖੀ ਸਮਾਜ-ਸਭਿਆਚਾਰ ਦੇ ਆਦਰਸ਼ ਦੂਜੇ ਉੱਤੇ ਲਾਗੂ ਨਹੀਂ ਕੀਤੇ ਜਾ ਸਕਦੇ।
- ਸਭਿਆਚਾਰ ਮਨੁੱਖੀ ਕਦਰਾਂ-ਕੀਮਤਾਂ ਦਾ ਨਿਸਚਿਤ ਪ੍ਰਬੰਧ ਹੈ। ਸਭਿਅਚਾਰਕ ਪ੍ਰਬੰਧ ਵਿਚ ਮਨੁੱਖੀ ਜੀਵਨ ਦੇ ਅਨੁਸਾਰੀ ਕੀਮਤ ਪ੍ਰਬੰਧ ਸਿਰਜਿਆ ਜਾਂਦਾ ਹੈ। ਕੀਮਤ ਪ੍ਰਬੰਧ ਨੂੰ ਇਥੇ ਸਮਾਜਕ ਮਨੁੱਖੀ ਜੀਵਨ ਦੇ ਕਾਰਜ ਵਿਵਹਾਰ, ਰਿਸ਼ਤਿਆਂ ਦੇ ਮੂਲ ਵਿਧਾਨ/ ਪ੍ਰਤਿਮਾਨ ਦੇ ਰੂਪ ਵਿਚ ਕਾਰਜ ਕਰਦੇ ਮਨੁੱਖੀ ਭਾਵਾਂ ਦੇ ਅਰਥਾਂ ਵਿਚ ਪ੍ਰਵਾਨ ਕੀਤਾ ਜਾਂਦਾ ਹੈ। ਆਮ ਤੌਰ ਤੇ ਕੀਮਤਾਂ ਦਾ ਵਰਗੀਕਰਨ ਨੈਤਿਕ, ਸਮਾਜਕ ਅਤੇ ਧਾਰਮਿਕ ਕਦਰਾਂ-ਕੀਮਤਾਂ ਵਿਚ ਕੀਤਾ ਜਾਂਦਾ ਹੈ। ਪਰੰਤੂ ਅਸਲ ਵਿਚ ਇਹ ਸਭਿਆਚਾਰਕ ਕੀਮਤਾਂ ਦਾ ਹੀ ਰੂਪ ਹਨ ਜੋ ਸਮਾਜਕ ਪ੍ਰਬੰਧ ਦੇ ਵਿਕਾਸ ਵਿਚੋਂ ਪੈਦਾ ਹੁੰਦੀਆਂ ਹਨ।
- ਸਭਿਆਚਾਰ ਸਕਾਰਾਤਮਕ ਵਰਤਾਰਾ ਹੈ। ਇਸਦਾ ਰੋਲ ਜੀਵਨ ਨੂੰ ਸਕਾਰਾਤਮਕਤਾ ਪ੍ਰਦਾਨ ਕਰਨਾ ਹੁੰਦਾ ਹੈ। ਇਹ ਮਨੁੱਖੀ ਜੀਵਨ ਨੂੰ ਸੁਖਾਵਾਂ ਅਤੇ ਇੱਜਤ-ਮਾਣ ਭਰਪੂਰ ਬਣਾਉਂਦਾ ਹੈ। ਬੇਸ਼ੱਕ ਹਰੇਕ

ਸਮਾਜ ਵਿਚ ਲੜਾਈ-ਝਗੜੇ, ਦੰਗੇ-ਫਸਾਦ ਵੇਖੇ ਜਾ ਸਕਦੇ ਹਨ, ਪਰੰਤੂ ਇਹ ਸਭਿਆਚਾਰ ਦੁਆਰਾ ਨਹੀਂ ਸਿਖਾਏ ਜਾਂਦੇ। ਇਸਦਾ ਉਦੇਸ਼ ਤਾਂ ਮਨੁੱਖ ਨੂੰ ਬੇਹਤਰ ਇਨਸਾਨ ਬਣਾਉਣਾ ਹੈ। "ਮਨੁੱਖ ਦੇ ਇਕ ਉਚਤਮ ਸ਼ਖ਼ਸੀਅਤ ਬਣਨ ਸਬੰਧੀ ਜੋ ਗੁਣ ਪਾਏ ਜਾਂਦੇ ਹਨ, ਉਹ ਜਿੱਥੇ ਉਸਦੇ ਵੰਸ਼-ਅਣੂ ਤੋਂ ਬਣੇ ਹੁੰਦੇ ਹਨ, ਉਥੇ ਉਸ ਵਿਚੋਂ ਉਸਦੇ ਸਭਿਆਚਾਰ ਦਾ ਕਾਫ਼ੀ ਵੱਡਾ ਯੋਗਦਾਨ ਹੁੰਦਾ ਹੈ। ਮਨੁੱਖ ਦੀ ਸ਼ਖ਼ਸੀਅਤ ਅਤੇ ਉਸਦਾ ਜੀਵਨ, ਸਭਿਆਚਾਰ ਦੀਆਂ ਪ੍ਰਸਥਿਤੀਆਂ ਅਨੁਸਾਰ ਬਣਦਾ ਹੈ। ਦੂਜੇ ਸ਼ਬਦਾਂ ਵਿਚ ਸਭਿਆਚਾਰ ਤੋਂ ਬਗੈਰ ਮਨੁੱਖ ਇਕ ਪਸ਼ੂ ਵਾਂਗ ਹੈ। ਸਭਿਆਚਾਰ ਮਨੁੱਖ ਨੂੰ ਆਪਣੀ ਸ਼ਖ਼ਸੀਅਤ ਦੇ ਵਿਕਾਸ ਲਈ ਮੌਕੇ ਪ੍ਰਦਾਨ ਕਰਦਾ ਹੈ ਅਤੇ ਇਹੀ ਸਮਾਜ ਨੂੰ ਅੱਗੇ ਵਧਾਉਣ ਵਿਚ ਸਹਾਈ ਹੁੰਦਾ ਹੈ।[4]

ਵਾਸਤਵ ਵਿਚ ਸਭਿਆਚਾਰ ਮਨੁੱਖ ਵੱਲੋਂ ਉਸਾਰਿਆ ਗਿਆ ਇਕ ਸਾਂਝਾ ਪ੍ਰਬੰਧ ਹੈ, ਜਿਸਦੇ ਅੰਤਰਗਤ ਘਰ, ਪਰਿਵਾਰ, ਭਾਈਚਾਰਾ, ਰਿਸ਼ਤਾ-ਨਾਤਾ ਪ੍ਰਬੰਧ, ਲੋਕ ਵਿਸ਼ਵਾਸ, ਰੀਤੀ-ਰਿਵਾਜ, ਕਲਾਵਾਂ, ਪਹਿਰਾਵਾ, ਭੋਜਨ ਉਤਪਾਦਨ ਕਰਨ, ਭੋਜਨ ਪਕਾਉਣ ਦੇ ਢੰਗ, ਹਾਰ-ਸ਼ਿੰਗਾਰ ਭਾਸ਼ਾ ਆਦਿ ਸ਼ਾਮਿਲ ਹੈ। ਇਹ ਅਜਿਹਾ ਵਰਤਾਰਾ ਹੈ, ਜਿਹੜਾ ਕਈ ਉਪ-ਅੰਗਾਂ ਤੋਂ ਮਿਲ ਕੇ ਬਣਿਆ ਹੈ। ਇਹਨਾਂ ਉਪ-ਅੰਗਾਂ ਵਿਚ ਪਰਸਪਰ ਸਾਂਝ ਪਾਈ ਜਾਂਦੀ ਹੈ। 'ਭਾਸ਼ਾ' ਵੀ ਸਭਿਆਚਾਰ ਦਾ ਅਹਿਮ ਉਪ-ਅੰਗ ਹੈ। ਵਿਚਾਰ ਅਭਿਵਿਅਕਤੀ ਦਾ ਮਾਧਿਅਮ ਭਾਸ਼ਾ ਨਾ ਕੇਵਲ ਮਨੁੱਖ ਨੂੰ ਉਸਦੇ ਅੰਦਰਲੇ ਮਨੁੱਖ ਨਾਲ ਹੀ ਜੋੜਦੀ ਹੈ, ਬਲਕਿ ਉਸਨੂੰ ਦੂਜੇ ਮਨੁੱਖਾਂ ਨਾਲ ਵਿਚਰਨ ਵਿਚ ਵੀ ਕਿਰਿਆਸ਼ੀਲ ਹੁੰਦੀ ਹੈ। ਇਸਦੇ ਨਾਲ-ਨਾਲ ਭਾਸ਼ਾ ਕਿਸੇ ਵਿਸ਼ੇਸ਼ ਸਮਾਜ-ਸਭਿਆਚਾਰ ਦੇ ਸੋਚਣ, ਮਹਿਸੂਸ ਕਰਨ, ਅਭਿਵਿਅਕਤ ਕਰਨ ਅਤੇ ਸਿਰਜਣ ਦਾ ਵੀ ਸਰਵੋਤਮ ਸਰੋਤ ਹੈ। ਇਹ ਅਜਿਹੀ ਸਮਾਜਕ ਕਿਰਿਆ ਹੈ ਜੋ ਸਮਾਜ-ਸਭਿਆਚਾਰ ਦੀ ਬਣਤਰ/ਸੰਰਚਨਾ, ਰਹਿਣ-ਸਹਿਣ ਅਤੇ ਕੀਮਤ-ਪ੍ਰਬੰਧ ਨਾਲ ਸੰਯੋਜਿਤ ਹੈ। ਬੇਸ਼ੱਕ ਇਹ ਆਪਣੇ-ਆਪ ਵਿਚ ਸੁਤੰਤਰ ਹੈ, ਪਰੰਤੂ ਫੇਰ ਵੀ ਇਹ ਪੂਰੀ ਤਰ੍ਹਾਂ ਨਾਲ ਸਭਿਆਚਾਰਕ ਪ੍ਰਭਾਵਾਂ ਤੋਂ ਨਿਰਲੇਪ ਨਹੀਂ ਹੁੰਦੀ। ਮਸਲਨ 'ਸਭਿਆਚਾਰੀਕਰਨ ਦਾ ਅਮਲ', ਜਿਸ ਅਧੀਨ ਜਦ ਦੋ ਸਭਿਆਚਾਰ ਆਪਸ ਵਿਚ ਇਕ-ਦੂਜੇ ਦੇ ਸੰਪਰਕ ਵਿਚ ਆਉਂਦੇ ਹਨ। "ਸਭਿਆਚਾਰੀਕਰਨ ਵਰਤਾਰਾ ਅਸਲ ਵਿਚ ਭਾਸ਼ਾਵਾਂ ਵਿਚ ਉਦੋਂ ਵੇਖਿਆ ਜਾ ਸਕਦਾ ਜਦੋਂ ਦੋ ਭਾਸ਼ਾਵਾਂ ਇਕ-ਦੂਜੇ ਉੱਤੇ ਭਾਰੂ ਹੋਣ ਲਈ ਇਕ-ਦੂਜੀ ਨਾਲ ਗਹਿ ਗਚ ਹੋ ਰਹੀਆਂ ਹੁੰਦੀਆਂ ਹਨ, ਜਿਸਨੂੰ ਅੰਗਰੇਜ਼ੀ ਵਿਚ Crossing of the language ਕਹਿੰਦੇ ਹਨ। ਇਸਦੇ ਸਿੱਟੇ ਵੀ ਉਸੇ ਪ੍ਰਕਾਰ ਦੇ ਹੁੰਦੇ ਹਨ, ਜਿਸ ਪ੍ਰਕਾਰ ਦੇ ਸਭਿਆਚਾਰੀਕਰਨ ਦੇ ਇਕ-ਦੂਜੇ ਨੂੰ ਕੱਟ ਰਹੀਆਂ ਦੋ ਭਾਸ਼ਾਵਾਂ ਵਿਚੋਂ ਇਕ ਦੀ ਹਸਤੀ ਖ਼ਤਮ ਵੀ ਹੋ ਸਕਦੀ ਹੈ, ਜਦਕਿ ਦੂਜੀ ਭਾਸ਼ਾ, ਖ਼ਤਮ ਹੋਈ ਭਾਸ਼ਾ ਦੇ ਵੀ ਅੰਸ਼ਾਂ ਨੂੰ ਆਪਣੇ ਵਿਚ ਸਮਾ ਕੇ ਵਧੇਰੇ ਬਲਵਾਨ ਹੋ ਨਿਕਲੇਗੀ। ਦੋਵੇਂ ਭਾਸ਼ਾਵਾਂ ਕਾਇਮ ਰਹਿੰਦਿਆਂ ਇਕ-ਦੂਜੀ ਉੱਤੇ ਲਗਾਤਾਰ ਪ੍ਰਭਾਵ ਪਾ ਸਕਦੀਆਂ ਹਨ ਅਤੇ ਇਸ ਤਰ੍ਹਾਂ ਦੋਹਾਂ ਭਾਸ਼ਾਵਾਂ ਵਿਚ ਤਬਦੀਲੀਆਂ ਆ ਸਕਦੀਆਂ ਹਨ। ਦੋਵੇਂ ਭਾਸ਼ਾਵਾਂ ਤੋਂ ਮਿਲ ਕੇ ਵੱਖਰੀ ਭਾਸ਼ਾ ਵੀ ਬਣ ਸਕਦੀ ਹੈ, ਜਿਸਦੀ ਉਦਾਹਰਣ ਉਰਦੂ ਜ਼ੁਬਾਨ ਹੈ।[5]

ਯਾਦ ਰਹੇ ਕਿ ਭਾਸ਼ਾ ਦਾ ਆਧਾਰ ਹੈ- 'ਸਮਾਜ'। ਸਮਾਜ ਵਿਚ ਵਾਪਰਨ ਵਾਲਾ ਕੋਈ ਵੀ ਪਰਿਵਰਤਨ ਜਿੱਥੇ ਸਭਿਆਚਾਰਕ ਪਰਿਵਰਤਨ ਦਾ ਕਾਰਨ ਬਣਦਾ ਹੈ, ਉਥੇ ਨਾਲ ਦੀ ਨਾਲ ਭਾਸ਼ਾਈ ਪਰਿਵਰਤਨ ਦਾ ਵੀ। ਅਸਲ ਵਿਚ ਕਿਸੇ ਭਾਸ਼ਾ ਦੀਆਂ ਧੁਨੀਆਂ, ਸ਼ਬਦ, ਅਰਥ ਆਦਿ ਨਾ ਕੇਵਲ ਉਸ ਸਮਾਜ-ਸਭਿਆਚਾਰ ਦੀਆਂ ਲੋੜਾਂ ਮੁਤਾਬਕ ਸਿਰਜੇ ਜਾਂਦੇ ਹਨ, ਬਲਕਿ ਉਸ ਸਮਾਜ-ਸਭਿਆਚਾਰ ਦੀ ਤਰਜਮਾਨੀ ਵੀ ਕਰਦੇ ਹਨ। ਜਦੋਂ ਵੀ ਸਮਾਜ ਵਿਚ ਕੋਈ ਨਵੀਂ ਵਸਤ/ਵਿਚਾਰ ਦਾ ਆਗਮਨ ਹੁੰਦਾ ਹੈ ਤਾਂ ਉਸਦੀ ਭਾਸ਼ਾ ਉਸ ਲਈ ਇਕ ਨਵਾਂ ਸ਼ਬਦ/ਚਿੰਨ੍ਹ ਸਿਰਜਦੀ ਹੈ। ਪਰੰਤੂ ਨਾਲ ਹੀ ਖੜੋਤ ਦਾ ਸ਼ਿਕਾਰ ਸਭਿਆਚਾਰ ਦੀ ਭਾਸ਼ਾ ਵਿਚ ਵੀ ਖੜੋਤ ਆਉਣੀ ਸੰਭਵ ਹੈ। ਮਿਸਾਲ ਵਜੋਂ ਜਦੋਂ ਸਮਾਜ-ਸਭਿਆਚਾਰ ਵਿਚ ਕਿਸੇ ਅੰਸ਼ ਦੀ ਵਰਤੋਂ ਨਹੀਂ ਰਹਿੰਦੀ ਤਾਂ ਉਸਦਾ ਪ੍ਰਗਟਾਅ ਰੂਪ ਵੀ ਖ਼ਤਮ ਹੋ ਜਾਂਦਾ ਹੈ। ਪੰਜਾਬੀ ਦੀ ਬਹੁਤ ਸਾਰੀ ਸ਼ਬਦਾਵਲੀ (ਖੇਤੀਬਾੜੀ, ਕਾਰ-ਵਿਹਾਰ, ਘਰੇਲੂ ਕੰਮ-ਕਾਜ, ਰੀਤਾਂ-ਰਸਮਾਂ ਆਦਿ) ਜੋ ਸਾਡੇ ਪੁਰਾਤਨ ਸਭਿਆਚਾਰ ਨਾਲ ਸਬੰਧਿਤ ਸੀ, ਅੱਜ ਲੋਪ ਹੋ ਚੁੱਕੀ ਹੈ। ਵਿਸ਼ਵੀਕਰਣ ਦਾ ਪ੍ਰਭਾਵ ਸਾਡੇ ਸਭਿਆਚਾਰ ਦੇ ਨਾਲ-ਨਾਲ ਸਾਡੀ ਭਾਸ਼ਾ ਉੱਤੇ ਵੀ ਪ੍ਰਤੱਖ ਪੱਧਰ ਉੱਤੇ ਵੇਖਿਆ ਜਾ ਸਕਦਾ ਹੈ। ਨਵੀਆਂ-ਨਵੀਆਂ ਵਿਗਿਆਨਕ ਕਾਢਾਂ ਦੇ ਵਸੀਲਿਆਂ ਨੇ ਸਾਰੇ ਸੰਸਾਰ ਨੂੰ ਇਕ-ਦੂਜੇ ਦੇ ਬੇਹੱਦ ਨੇੜ੍ਹੇ ਲੈ ਆਂਦਾ ਹੈ, ਜਿਸ ਕਾਰਨ ਲੋਕਾਂ ਦੇ ਰਹਿਣ-ਸਹਿਣ, ਕਾਰ-ਵਿਹਾਰ ਤੇ ਹੋਰ ਸਮਾਜਕ ਕਾਰਜਾਂ ਵਿਚ ਛੇਤੀ-ਛੇਤੀ ਪਰਿਵਰਤਨ ਆ ਰਿਹਾ। ਮਸਲਨ ਜਿਵੇਂ ਪੱਛਮੀ ਜ਼ੁਬਾਨ ਅੰਗਰੇਜ਼ੀ ਦਾ ਪ੍ਰਭਾਵ ਸਾਡੀ ਭਾਸ਼ਾ ਉੱਤੇ ਵੱਧਦਾ ਹੀ ਜਾ ਰਿਹਾ। ਅੰਗਰੇਜ਼ੀ ਦਾ ਏਨਾ ਪ੍ਰਚਲਨ ਪੰਜਾਬੀ ਲਈ

ਨੁਕਸਾਨਦਾਇਕ ਵੀ ਹੈ, ਪਰੰਤੂ ਨਾਲ ਹੀ ਪੱਛਮੀ ਮੁਲਕਾਂ (ਕੈਨੇਡਾ) ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲਣਾ, ਸਾਡੇ ਲਈ ਮਾਣ ਵਾਲੀ ਗੱਲ ਵੀ ਹੈ।

ਭਾਸ਼ਾ ਸਭਿਆਚਾਰ ਦੀ ਪਹਿਚਾਣ ਹੈ। "ਜਦੋਂ ਤੋਂ ਮਨੁੱਖ ਨੇ ਆਪਣੀ ਵੱਖਰੀ ਸ਼ਨਾਖ਼ਤ ਪੈਦਾ ਕੀਤੀ ਹੈ, ਭਾਸ਼ਾ ਉਸਦੇ ਨਾਲ ਰਹੀ ਹੈ, ਅਤੇ ਉਸ ਦੀ ਸ਼ਨਾਖ਼ਤ ਦਾ ਅਨਿੱਖੜ ਹਿੱਸਾ ਬਣੀ ਰਹੀ ਹੈ। ਇਸੇ ਤਰ੍ਹਾਂ ਕਿਸੇ ਜਨਸਮੂਹ ਦੇ ਇਤਿਹਾਸ ਵਿਚ ਜੋ ਕੁਝ ਵਾਪਰਦਾ ਹੈ, ਉਸਦਾ ਪ੍ਰਤੀਬਿੰਬ ਉਸਦੀ ਭਾਸ਼ਾ ਵਿਚੋਂ ਲੱਭਿਆ ਜਾ ਸਕਦਾ ਹੈ। ਇਸੇ ਲਈ ਭਾਸ਼ਾ ਨੂੰ 'ਸਭਿਆਚਾਰ ਦਾ ਮੁਹਾਫ਼ਜ਼ਖ਼ਾਨਾ' ਕਿਹਾ ਜਾਂਦਾ ਹੈ।"[6] ਕਿਸੇ ਵੀ ਸਭਿਆਚਾਰ ਦੇ ਇਤਿਹਾਸ ਨੂੰ ਜਾਣਨ-ਸਮਝਣ ਵਿਚ ਭਾਸ਼ਾ ਦਾ ਅਹਿਮ ਰੋਲ ਹੈ, ਕਿਉਂਕਿ ਕਿਸੇ ਜਨ-ਸਮੂਹ ਦੀ ਸਭਿਆਚਾਰਕ ਤਸਵੀਰ ਦੀ ਪੇਸ਼ਕਾਰੀ ਉਸ ਸਭਿਆਚਾਰ ਵਿਚੋਂ ਜਨਮੀ-ਵਿਗਸੀ ਭਾਸ਼ਾ ਦੁਆਰਾ ਪ੍ਰਗਟ ਹੁੰਦੀ ਹੈ। "ਭਾਸ਼ਾਈ ਬਣਤਰ ਅਤੇ ਉਚਾਰਣ ਢੰਗ ਵਿਚ ਵਿਸ਼ੇਸ਼ ਲੋਕ ਸਮੂਹ ਦਾ ਆਪਣਾ ਵੱਖਰਾ ਢੰਗ, ਅੰਦਾਜ਼ ਅਤੇ ਮੁਹਾਵਰਾ ਹੁੰਦਾ ਹੈ ਅਤੇ ਉਸੇ ਅਨੁਕੂਲ ਵੱਖਰਾ ਕੀਮਤ ਪ੍ਰਬੰਧ, ਵਿਹਾਰਕ ਪੈਟਰਨ ਅਤੇ ਸੁਹਜ ਬੋਧ ਹੁੰਦਾ ਹੈ। ਉਵੇਂ ਹੀ ਨਿਵੇਕਲਾ ਭਾਸ਼ਾਈ ਜੁਗਾੜ ਵੀ ਹੁੰਦਾ ਹੈ ਜੋ ਉਸ ਸਮੂਹਿਕ ਅਨੁਭਵ ਦਾ ਸਹਿਜ ਚਿੱਤ ਸਿਰਜਤ ਸੰਚਾਰ ਬਣਦਾ ਹੈ।"[7] ਅਸਲ ਵਿਚ ਵਿਸ਼ੇਸ਼ ਸਭਿਆਚਾਰਕ ਪ੍ਰਵਚਨ ਉਸਦੀ ਭਾਸ਼ਾ ਵਿਸ਼ੇਸ਼ ਤੋਂ ਬਿਨਾਂ ਕਿਸੇ ਹੋਰ ਸਭਿਆਚਾਰ ਦੀ ਭਾਸ਼ਾ ਵਿਚ ਅਨੁਵਾਦ ਕਰਨਾ ਬੇਹੱਦ ਕਠਿਨ ਹੈ। ਮਸਲਨ ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵੱਖ-ਵੱਖ ਰਿਸ਼ਤਿਆਂ (ਚਾਚਾ, ਤਾਇਆ, ਮਾਮਾ, ਫੁੱਫੜ, ਜੀਜਾ ਆਦਿ) ਸਬੰਧੀ ਵੱਖ-ਵੱਖ ਨਾਮ ਪ੍ਰਚਲਿੱਤ ਹਨ, ਜਦਕਿ ਇਸਦੇ ਵਿਪਰੀਤ ਅੰਗਰੇਜ਼ੀ ਭਾਸ਼ਾ ਵਿਚ ਸੀਮਤ ਨਾਮ (Uncle, Brother-in-law) ਹੀ ਹਨ। ਇਸ ਤਰ੍ਹਾਂ ਕਿਸੇ ਵਿਸ਼ੇਸ਼ ਭਾਸ਼ਾ ਦਾ ਮੂਲ ਸੁਭਾਅ ਉਸਦੇ ਸਭਿਆਚਾਰ ਦੇ ਮੂਲ ਸੁਭਾਅ ਅਨੁਕੂਲ ਹੁੰਦਾ ਹੈ।

ਭਾਸ਼ਾ ਸਭਿਆਚਾਰ ਦਾ ਸੰਚਾਰਾਤਮਕ ਵਰਤਾਰਾ ਹੋਣ ਕਾਰਨ ਸਭਿਆਚਾਰਕ ਏਕਤਾ ਕਾਇਮ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਜੇਕਰ ਸਾਨੂੰ ਕਿਸੇ ਦੂਜੀ ਭਾਸ਼ਾ ਨੂੰ ਸਮਝਣ-ਸਮਝਾਉਣ ਵਿਚ ਔਖ ਆਉਂਦੀ ਹੈ ਤਾਂ ਅਸੀਂ ਸੰਕੇਤਕ ਭਾਸ਼ਾ ਦਾ ਪ੍ਰਯੋਗ ਕਰਦੇ ਹਾਂ। ਸੰਕੇਤਕ ਭਾਸ਼ਾ ਦੇ ਮਾਧਿਅਮ ਦੁਆਰਾ ਅਸੀਂ ਇਕ-ਦੂਜੇ ਦੇ ਸਭਿਆਚਾਰ ਨੂੰ ਨਾ ਹੀ ਕੇਵਲ ਸਮਝ ਸਕਦੇ ਹਾਂ, ਬਲਕਿ ਉਸਦਾ ਆਨੰਦ ਵੀ ਮਾਣ ਸਕਦੇ ਹਾਂ। "ਮਸਲਨ ਪੰਜਾਬੀ ਪੌਪ ਬਾਰੇ ਬੇਸ਼ੱਕ ਸਾਰੀ ਦੁਨੀਆਂ ਜਾਣਦੀ ਨਹੀਂ, ਪਰੰਤੂ ਸਿਰਫ਼ ਸੰਕੇਤ ਰਾਹੀਂ ਹੀ ਗੀਤ ਤੇ ਢੋਲ ਦੀ ਤਾਲ ਤੇ ਉਹ ਨੱਚ ਉਠੱਦੀ ਹੈ। ਇਸੇ ਤਰ੍ਹਾਂ ਭਾਰਤੀ ਸਿਨੇਮਾ ਵੀ ਸਭਿਆਚਾਰਕ ਏਕਤਾ ਦਾ ਪ੍ਰਤੀਕ ਹੈ। ਕੋਈ ਵੀ ਵਿਅਕਤੀ ਇਕ-ਦੂਜੇ ਦੀਆਂ ਸਭਿਆਚਾਰਕ ਗਤੀਵਿਧੀਆਂ ਵਿਚ ਹਿੱਸਾ ਲੈ ਕੇ ਮਿਲਵਰਤਨ ਦੁਆਰਾ ਭਾਸ਼ਾ, ਪ੍ਰੰਪਰਾਵਾਂ, ਕਦਰਾਂ-ਕੀਮਤਾਂ ਆਦਿ ਨੂੰ ਸਮਝ ਸਕਦਾ ਹੈ। ਕਈ ਵਾਰ ਅਸੀਂ ਲੋੜ੍ਹ ਹਿੱਤ ਹੀ ਨਾ ਜਾਣਦੀ ਹੋਈ ਭਾਸ਼ਾ ਨੂੰ ਸਿੱਖ ਲੈਂਦੇ ਹਾਂ। ਪੰਜਾਬ ਵਿਚ ਜਿੱਥੇ ਬਿਹਾਰੀ ਮਜਦੂਰਾਂ ਨੇ ਆਪਣੀ ਲੋੜ੍ਹ ਲਈ ਪੰਜਾਬੀ ਭਾਸ਼ਾ ਸਿੱਖ ਲਈ ਹੈ, ਉਥੇ ਪੰਜਾਬੀ ਕਿਸਾਨਾਂ ਨੇ ਵੀ ਆਪਣੀ ਬੋਲ-ਚਾਲ ਦੀ ਭਾਸ਼ਾ ਵਿਚ ਬਿਹਾਰੀ ਨੂੰ ਅਪਣਾ ਲਿਆ ਹੈ। ਪੰਜਾਬੀ-ਬਿਹਾਰੀ ਬੋਲੀ ਦਾ ਆਪਸ ਵਿਚ ਮਿਲ ਜਾਣਾ ਸਭਿਆਚਾਰਕ ਜਟਿੱਲਤਾ ਨੂੰ ਵਧਾਉਂਦਾ ਹੈ।[8]

ਸਭਿਆਚਾਰ ਮਨੁੱਖੀ ਸਿਰਜਨਾਵਾਂ ਦਾ ਜਟਿਲ ਸਮੁੱਚ ਹੈ, ਜਿਸਦੇ ਵਿਭਿੰਨ ਅੰਸ਼ ਜੁੱਟਾਂ ਨੂੰ ਚਿਹਨ ਰੂਪ ਵਿਚ ਅਪਣਾਇਆ ਅਤੇ ਅਗਲੀ ਪੀੜ੍ਹੀ ਲਈ ਅੱਗੇ ਪਹੁੰਚਾਇਆ ਜਾਂਦਾ ਹੈ। ਚਿਹਨ ਦਾ ਜਟਿਲ ਸਿਸਟਮ ਭਾਸ਼ਾ ਵੀ ਮਨੁੱਖ ਦੀ ਸਭਿਆਚਾਰਕ ਪ੍ਰਾਪਤੀ ਹੈ।[9] ਭਾਸ਼ਾ ਵਿਗਿਆਨੀਆਂ ਅਨੁਸਾਰ ਸਮਾਜ-ਸਭਿਆਚਾਰ ਇਕ ਭਾਸ਼ਾਈ ਪ੍ਰਬੰਧ ਹੈ ਅਤੇ ਵਿਅਕਤੀ ਦੇ ਕਾਰ-ਵਿਹਾਰ ਇਸ ਭਾਸ਼ਾਈ ਪ੍ਰਬੰਧ ਦੇ ਵੰਨ-ਸੁਵੰਨੇ ਉਚਾਰ/ਚਿਹਨ ਹਨ। ਭਾਸ਼ਾਈ ਪ੍ਰਬੰਧ ਉਚਾਰ/ਚਿਹਨਾਤਮਕ ਰੂਪ ਵਿਚ ਪ੍ਰਗਟ ਹੁੰਦਾ ਹੈ। ਆਧੁਨਿਕ ਭਾਸ਼ਾ ਵਿਗਿਆਨ ਦੀ ਸ਼ਾਖਾ 'ਚਿਹਨ ਵਿਗਿਆਨ' ਅਨੁਸਾਰ ਸਭਿਆਚਾਰ ਦੇ ਖੇਤਰ ਵਿਚ ਸ਼ਾਮਿਲ ਹਰ ਤਰ੍ਹਾਂ ਦਾ ਵਿਚਾਰ, ਵਸਤ ਤੇ ਵਤੀਰੇ ਦੀ ਪੇਸ਼ਕਾਰੀ ਨਿਸ਼ਚਿਤ ਚਿਹਨਾਂ ਦੇ ਮਾਧਿਅਮ ਰਾਹੀਂ ਹੀ ਹੁੰਦੀ ਹੈ। ਸਭਿਆਚਾਰ ਦੇ ਵਿਭਿੰਨ ਪੱਖ (ਪਦਾਰਥਕ, ਪ੍ਰਤੀਮਾਨਕ ਅਤੇ ਬੋਧਾਤਮਕ) ਚਿਹਨ ਰੂਪ ਵਿਚ ਹੀ ਗ੍ਰਹਿਣ ਕੀਤੇ ਜਾਂਦੇ ਅਤੇ ਅੱਗੇ ਪਹੁੰਚਾਏ ਜਾਂਦੇ ਹਨ। ਅਸਲ ਵਿਚ ਇਹ ਵਿਭਿੰਨ ਪੱਖ ਸਬੰਧਿਤ ਕਦਰਾਂ-ਕੀਮਤਾਂ ਨੂੰ ਚਿਹਨਤ ਕਰਦੇ ਹਨ। ਮਸਲਨ ਸ਼ਰਾਬ ਦੀ ਬੋਤਲ ਇਕ ਪਦਾਰਥਕ ਚਿਹਨ ਹੈ, ਇਸਨੂੰ ਕਿਸ ਤਰ੍ਹਾਂ ਪੀਣਾ ਹੈ? ਇਸਦਾ ਸੰਬੰਧ ਪ੍ਰਤੀਮਾਨਕ ਪੱਖ ਨਾਲ ਜੁੜਦਾ ਹੈ, ਜਦਕਿ ਇਹ ਪੀਣੀ ਚਾਹੀਦੀ ਹੈ ਜਾਂ ਨਹੀਂ, ਇਸ ਗੱਲ ਦਾ ਬੋਧ ਬੋਧਾਤਮਕ ਪੱਖ ਨਾਲ ਹੈ। ਚਿਹਨਾਂ ਤੋਂ ਬਗੈਰ ਅਸੀਂ ਸਮਾਜਕ ਵਰਤਾਰੇ ਦਾ ਕਾਰਜ ਨਹੀਂ ਕਰ ਸਕਦੇ, ਕਿਉਂਕਿ ਸਵੇਰ ਤੋਂ

ਰਾਤ ਤੱਕ ਦੇ ਸਮੇਂ ਦੌਰਾਨ ਸਾਨੂੰ ਚਿਹਨਾਂ ਨੂੰ ਸਮਝਣਾ ਪੈਂਦਾ ਹੈ। ਇਹਨਾਂ ਚਿਹਨਾਂ ਦੀ ਕਲਪਨਾ ਸਭ ਤੋਂ ਪਹਿਲਾਂ ਆਧੁਨਿਕ ਭਾਸ਼ਾ ਵਿਗਿਆਨੀ ਸੌਸਿਊਰ ਨੇ ਕੀਤੀ। "ਉਸਨੇ ਪਹਿਲੀ ਵਾਰ ਭਾਸ਼ਾ ਦੇ ਅਧਿਐਨ ਨੂੰ ਭਾਸ਼ਿਕ ਤੱਤਾਂ ਦੇ ਵਿਤਰੇਕ ਰੂਪਾਂ ਨੂੰ ਸਮਝਣ ਉੱਪਰ ਕੇਂਦਰਿਤ ਕਰਨ ਦੀ ਥਾਂ, ਉਸਨੂੰ ਪ੍ਰਬੰਧ ਦੇ ਵਿਚ ਸੰਗਠਿਤ ਹੋਇਆ ਤਸਲੀਮ ਕੀਤਾ। ਇਸ ਕਰਕੇ ਉਸਦੇ ਚਿੰਤਨ ਵਿਚ ਭਾਸ਼ਾ ਦੇ ਦੋ ਪੱਧਰ ਹਨ : ਇਕ, ਭਾਸ਼ਾ ਦਾ ਤੱਤ-ਰੂਪੀ ਪਾਸਾਰ ਹੈ ਅਤੇ ਦੂਜਾ ਪ੍ਰਬੰਧ-ਮੂਲਕ ਅਤੇ ਅਮੂਰਤ ਨਿਯਮ-ਪ੍ਰਬੰਧ ਹੈ, ਜੋ ਨਾ ਕੇਵਲ ਭਾਸ਼ਿਕ ਵਰਤਾਰੇ ਨੂੰ ਸਮਝਣ ਲਈ ਸਿਧਾਂਤ ਸਿਰਜਦਾ ਸਗੋਂ ਸਮੁੱਚੀਆਂ ਮਾਨਵੀ ਸਿਰਜਣਾਵਾਂ ਨੂੰ ਸਮਝਣ ਲਈ ਵਿਧੀਵਤ ਨਿਯਮ ਪ੍ਰਦਾਨ ਕਰਦਾ ਹੈ। ਭਾਸ਼ਾ ਦਾ ਤੱਤ-ਰੂਪੀ ਪਾਸਾਰ ਨਿਰੋਲ ਭਾਸ਼ਾਗਤ ਵਿਸ਼ੇਸ਼ਤਾਵਾਂ ਨਾਲ ਸੰਬੰਧ ਰੱਖਦਾ ਹੈ ਅਤੇ ਵਿਅਕਤੀ ਦੇ ਸੁਚੇਤ ਪੱਧਰ ਰਾਹੀਂ ਸਿਰਜੇ ਜਾਣ ਵਾਲੇ ਭਾਸ਼ਿਕ ਵਿਵਹਾਰ ਦਾ ਸਮੂਰਤ ਰੂਪ ਹੁੰਦਾ ਹੈ। ਦੂਜੇ ਪਾਸੇ ਪ੍ਰਬੰਧ-ਮੂਲਕ ਪਾਸਾਰ ਅਮੂਰਤ ਅਤੇ ਅਵਚੇਤਨ ਪੱਧਰ ਉੱਤੇ ਕਰਮਸ਼ੀਲ ਹੁੰਦਾ ਹੈ, ਜੋ ਵਿਸ਼ੇਸ਼ ਸਮੁਦਾਇ ਵਿਚ ਸਾਂਝੇ ਤੌਰ ਤੇ ਵਿਦਮਾਨ ਹੋ ਕੇ, ਨਾ ਕੇਵਲ ਭਾਸ਼ਿਕ ਵਰਤਾਰੇ ਦੀ ਸਿਰਜਣਾ ਲਈ ਆਧਾਰ ਬਣਦਾ ਹੈ, ਸਗੋਂ ਸਮੁੱਚੀਆਂ ਮਨੁੱਖੀ ਸਿਰਜਨਾਵਾਂ ਦਾ ਉਦੋਂ ਬਿੰਦੂ ਹੁੰਦਾ ਹੈ। ਇਸ ਕਰਕੇ ਉਸਦੀ ਸਿਧਾਂਤ-ਚੇਤਨਾ ਵਿਚ ਭਾਸ਼ਾ ਦਾ ਸੰਕਲਪ, ਭਾਸ਼ਾ ਅਤੇ ਉਚਾਰ, ਭਾਸ਼ਿਕ ਤੱਤ ਚਿਹਨ ਦਾ ਸੰਕਲਪ, ਚਿਹਨਤ ਅਤੇ ਚਿਹਨਕ, ਭਾਸ਼ਾ ਤੇ ਇਤਿਹਾਸ ਦਾ ਸੰਬੰਧ ਕਾਲਕ੍ਰਮਿਕ ਅਤੇ ਇਕਾਲਕ ਅਤੇ ਅਰਥ ਸਿਰਜਣ ਵਿਚ ਗਤੀਸ਼ੀਲ ਸੰਬੰਧਾਂ ਦਾ ਸੰਕਲਪ ਸਹਿਚਾਰੀ ਅਤੇ ਲੜੀਦਾਰੀ ਪੱਧਰਾਂ ਦੇ ਦਵੈਤ ਰਾਹੀਂ ਸਿਰਜੇ ਜਾਂਦੇ ਹਨ। ਇਨ੍ਹਾਂ ਸਾਰੀਆਂ ਕੋਟੀਆਂ ਵਿਚ ਚਿਹਨਤ, ਭਾਸ਼ਾ, ਕਾਲਕ੍ਰਮਿਕ ਅਤੇ ਸਹਿਚਾਰੀ ਸੰਬੰਧ ਚੇਤਨਾ ਦੇ ਪੱਧਰ ਉੱਪਰ ਕਰਮਸ਼ੀਲ ਹੁੰਦੇ ਹਨ ਅਤੇ ਸਮੁੱਚੀਆਂ ਮਾਨਵੀ ਸਿਰਜਨਾਵਾਂ ਲਈ ਸਾਂਝੇ ਆਧਾਰ ਪ੍ਰਦਾਨ ਕਰਦੇ ਹਨ। ਦੂਜੇ ਪਾਸੇ ਚਿਹਨਕ, ਉਚਾਰ, ਇਕਾਲਕ ਅਤੇ ਲੜੀਦਾਰੀ ਸੰਬੰਧ ਆਪਣੀ ਸੰਜਮਸ਼ੀਲ ਏਕਤਾ ਰਾਹੀਂ ਖੁਦਮੁਖ਼ਤਾਰ ਵਰਤਾਰੇ ਸਿਰਜਣ ਦੀ ਕੋਸ਼ਿਸ਼ ਕਰਦੇ ਹਨ।[10]

ਚਿਹਨ ਵਿਗਿਆਨ ਦੇ ਅੰਤਰਗਤ ਚਿਹਨ ਕਿਸੇ ਵਸਤ, ਵਿਚਾਰ ਜਾਂ ਵਰਤਾਰੇ ਦਾ ਹੀ ਨਾਮ ਨਹੀਂ, ਸਗੋਂ ਅਜਿਹਾ ਜਟਿੱਲ ਸਮੁੱਚ ਹੈ, ਜੋ ਧੁਨੀ ਬਿੰਬ (ਚਿਹਨਕ) ਅਤੇ ਸੰਕਲਪ ਬਿੰਬ (ਚਿਹਨਤ) ਨੂੰ ਆਪਸ ਵਿਚ ਜੋੜਦਾ ਹੈ। ਸਮਾਜ-ਸਭਿਆਚਾਰਕ ਵਰਤਾਰੇ ਅੰਦਰ ਚਿਹਨ ਦਾ ਚਿਹਨਕ ਨਾਲ ਸੰਬੰਧ ਸਥਾਪਿਤ ਹੋਣਾ ਜ਼ਰੂਰੀ ਨਹੀਂ, ਪਰੰਤੂ ਚਿਹਨਤ ਨਾਲ ਸੰਬੰਧ ਰੂੜੀਪਰਕ ਹੋਣਾ ਲਾਜ਼ਮੀ ਹੁੰਦਾ ਹੈ। ਇਹ ਅਮਲ ਸਮਾਜਕ ਵਰਤਾਰੇ ਅੰਦਰ ਨਿਰੰਤਰ ਗਤੀਸ਼ੀਲ ਰਹਿੰਦਾ ਹੈ। ਆਪਹੁਦਰਾਪਨ ਚਿਹਨ ਦਾ ਲੱਛਣ ਤਾਂ ਹੈ ਪਰ ਅਸਲ ਮਹੱਤਵ ਉਸਦੇ ਰੂੜੀਪਰਕ/ਸਮਾਜਕ ਹੋਣ ਨਾਲ ਜੁੜਿਆ ਹੈ। ਮਿਸਾਲ ਵਜੋਂ "ਜੇ 'ਪਾਣੀ' ਦਾ ਚਿਹਨ ਪ੍ਰਯੋਗ ਕੀਤਾ ਜਾਵੇ ਤਾਂ ਪਾਣੀ ਨੂੰ ਪਾਣੀ ਕਿਉਂ ਕਿਹਾ ਜਾਂਦਾ ਹੈ। ਇਸ ਪ੍ਰਸ਼ਨ ਦਾ ਉੱਤਰ ਤਰਕਸੰਗਤ ਨਹੀਂ ਹੋ ਸਕਦਾ ਜਦੋਂ ਕਿ 'ਪਾਣੀ' ਦਾ ਸਮਾਜਕ ਜੀਵਨ ਨਾਲ ਸੰਬੰਧ ਦਲੀਲਾਂ ਦੇ ਕੇ ਸਪੱਸ਼ਟ ਕੀਤਾ ਜਾ ਸਕਦਾ। "ਪਵਨ ਗੁਰ ਪਾਣੀ ਪਿਤਾ" ਤੋਂ ਲੈ ਕੇ 'ਜਲ ਮਿਲਿਆ ਪਰਮੇਸ਼ਵਰ ਮਿਲਿਆ" ਤਕ ਪੰਜਾਬੀ ਸਮਾਜ ਅੰਦਰ ਪਾਣੀ ਦੇ ਸੰਬੰਧਾਂ ਨੂੰ ਸਪਸ਼ਟ ਕਰਦੇ ਅਨੇਕਾਂ ਪੱਖ ਹਨ, ਜਿਹੜੇ ਵੱਖਰੀ-ਵੱਖਰੀ ਹੋਂਦ ਰੱਖਦੇ ਹਨ।"[11] ਇਸ ਲਈ ਚਿਹਨ ਦੇ ਚਿਹਨਕ ਦਾ ਅਧਿਐਨ ਕਾਫ਼ੀ ਨਹੀਂ, ਬਲਕਿ ਸਮਾਜਕ ਪ੍ਰਵਚਨ ਦੀ ਪੂਰਤੀ ਹਿੱਤ ਚਿਹਨ ਦੀ ਚਿਹਨਕ ਤੇ ਚਿਹਨਤ ਨਾਲ ਦੋਹਰੇ ਸੰਬੰਧਾਂ ਨੂੰ ਪਛਾਣਨ ਦੀ ਯੋਗਤਾ ਵੀ ਲਾਜ਼ਮੀ ਹੈ।

ਸੌਸਿਊਰ ਭਾਸ਼ਾ ਨੂੰ ਲੈਂਗ ਅਤੇ ਪੈਰੋਲ ਦੇ ਮਾਡਲ ਵਿਚ ਵੰਡ ਕੇ ਵੇਖਦਾ ਹੈ। ਇਹ ਮਾਡਲ ਕਿਸੇ ਸਮਾਜ-ਸਭਿਆਚਾਰ ਦੇ ਵਰਤਾਰਿਆਂ ਦੇ ਅਧਿਐਨ ਲਈ ਵੀ ਲਾਹੇਵੰਦ ਹੋ ਸਕਦਾ ਹੈ। ਇਸ ਮਾਡਲ ਅਨੁਸਾਰ ਸਮਾਜ/ਸਭਿਆਚਾਰ ਇਕ ਭਾਸ਼ਾਈ ਪ੍ਰਬੰਧ ਹੈ ਅਤੇ ਇਸਦੇ ਵਿਅਕਤੀਆਂ ਦੇ ਵੰਨ-ਸੁਵੰਨੇ ਕਾਰ-ਵਿਹਾਰ ਉਸ ਭਾਸ਼ਾ ਦੇ ਵੰਨ-ਸੁਵੰਨੇ ਉਚਾਰ ਹਨ। ਜਿੱਥੇ ਭਾਸ਼ਾਈ ਸਿਸਟਮ ਦੀ ਪੇਸ਼ਕਾਰੀ ਉਚਾਰ ਰੂਪ ਵਿਚ ਹੁੰਦੀ ਹੈ, ਉਥੇ ਸਮਾਜ-ਸਭਿਆਚਾਰਕ ਸਿਸਟਮ ਦੀ ਪੇਸ਼ਕਾਰੀ ਵਿਵਹਾਰ ਰੂਪ ਵਿਚ। ਕਿਸੇ ਸਮਾਜ-ਸਭਿਆਚਾਰ ਵਿਚ ਰਹਿੰਦਾ ਜੀਵ ਜਦੋਂ ਸਬੰਧਿਤ ਸਮਾਜਕ ਨਿਯਮਾਂ ਤੇ ਵਰਤਾਰਿਆਂ ਤੋਂ ਅਨਜਾਣ ਹੁੰਦਾ ਹੈ ਤਾਂ ਉਸਦਾ ਸਮਾਜਕ ਪ੍ਰਵਚਨ ਅਧੂਰਾ ਹੁੰਦਾ ਹੈ। ਇਸੇ ਤਰ੍ਹਾਂ ਹੀ ਭਾਸ਼ਾਈ ਚਿਹਨਾਂ ਦੀ ਸੰਰਚਨਾ ਨੂੰ ਸਮਝਣ ਲਈ ਸਮਾਜਕ ਰੀਤਾਂ, ਰਸਮਾਂ, ਰਿਵਾਜਾਂ, ਧਰਮ ਆਦਿ ਨਾਲ ਜੁੜੇ ਸੰਕਲਪਾਂ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ। "ਜਿਵੇਂ ਕਿਸੇ ਵਿਦੇਸ਼ੀ ਨੂੰ ਆਨੰਦ ਕਾਰਜ, ਡੋਲੀ, ਲਾਵਾਂ, ਘੋੜੀਆਂ, ਸੁਹਾਗ, ਅਲਾਹੁਣੀਆਂ, ਵੈਣ ਆਦਿ ਸ਼ਬਦਾਂ ਦੇ ਅਰਥ ਕੋਸ਼ ਜਾਂ ਅਨੁਵਾਦ ਰਾਹੀਂ ਨਹੀਂ ਸਮਝਾਏ ਜਾ ਸਕਦੇ। ਉਨ੍ਹਾਂ ਨੂੰ ਸ਼ਬਦਾਂ ਨਾਲ ਸਬੰਧਿਤ ਰੀਤਾਂ ਅਤੇ ਰਸਮਾਂ ਦੀ ਪੂਰੀ ਜਾਣਕਾਰੀ ਕਰਾਕੇ ਹੀ ਇਨ੍ਹਾਂ ਸ਼ਬਦਾਂ ਦਾ ਗਿਆਨ ਕਰਾਇਆ ਜਾ ਸਕਦਾ ਹੈ।[12]

ਸੌਸਿਊਰ ਦਾ ਪੈਰਾਡਿਗਮੈਟਿਕ ਦਾ ਸੰਕਲਪ ਅਜਿਹਾ ਸਹਿਚਾਰੀ ਕ੍ਰਮ ਹੈ, ਜੋ ਸ਼ਬਦਾਂ ਦਾ ਵੀ ਹੁੰਦਾ ਹੈ ਅਤੇ ਪ੍ਰਣਾਲੀ ਦਾ ਵੀ। ਭਾਸ਼ਾ ਵਿਗਿਆਨੀ ਰੋਮਨ ਜੈਕੋਬਸਨ ਨੇ ਸੌਸਿਊਰ ਦੀ ਇਸ ਧਾਰਨਾ ਨੂੰ 'ਮੈਟਾਫਰ' ਅਤੇ 'ਮੈਟਾਨਮੀ' ਦੇ ਸੰਕਲਪ ਰਾਹੀਂ ਵਿਸਥਾਰ ਦਿੱਤਾ। ਭਾਸ਼ਾਈ ਪ੍ਰਬੰਧ ਅਧੀਨ ਮੈਟਾਫ਼ਰ ਦਾ ਪ੍ਰਯੋਗ ਵਧੇਰੇ ਕੀਤਾ ਜਾਂਦਾ ਹੈ। ਭਾਸ਼ਾਈ ਸੰਚਾਰ ਦੌਰਾਨ ਵਸਤਾਂ ਨੂੰ ਵਸਤਾਂ, ਸੰਬੰਧਾਂ ਨੂੰ ਸੰਬੰਧਾਂ, ਖੇਤਰ ਨੂੰ ਖੇਤਰਾਂ, ਮਨੁੱਖ ਨੂੰ ਮਨੁੱਖਾਂ ਨਾਲ ਸਬੰਧਿਤ ਕੀਤਾ ਜਾਂਦਾ ਹੈ। ਮੈਟਾਫ਼ਰ ਵਿਚ ਇਕ ਧਿਰ ਨੂੰ ਦੂਜੀ ਨਾਲ ਜੋੜਦਿਆਂ ਸਮਾਨਤਾ ਦਾ ਨੇਮ ਕਾਰਜ ਕਰ ਰਿਹਾ ਹੁੰਦਾ ਹੈ, ਜਦਕਿ ਮੈਟਾਨਿਮੀ ਰਾਹੀਂ ਦੋ ਵਸਤਾਂ ਨੂੰ ਇਕ-ਦੂਜੇ ਨਾਲ ਜੋੜਦਿਆਂ, ਸਮੀਪਤਾ ਦਾ ਨੇਮ। "ਉਦਾਹਰਣ ਵਜੋਂ 'ਛੁਰੀ' ਸ਼ਬਦ ਨੂੰ ਸੁਣ ਕੇ 'ਕਾਂਟਾ' ਸ਼ਬਦ ਉਚਾਰਿਆ ਜਾਵੇ ਤਾਂ ਦੋਹਾਂ ਦਾ ਆਪਸੀ ਸੰਬੰਧ ਮੈਟਾਨਿਮੀ ਦੇ ਨੇਮ ਅਨੁਸਾਰ ਹੋਵੇਗਾ। ਪਰ ਜੇ 'ਛੁਰੀ' ਦੇ ਉੱਤਰ ਵਿਚ 'ਤਲਵਾਰ' ਸ਼ਬਦ ਉਚਾਰਿਆ ਜਾਵੇ ਤਾਂ ਦੋਹਾਂ ਦਾ ਸੰਬੰਧ ਮੈਟਾਫ਼ਰ ਵਾਲਾ ਹੋਵੇਗਾ। ਇਉਂ ਕਿਸੇ ਵੀ ਭਾਸ਼ਾਈ ਵਰਤਾਰੇ ਅੰਦਰ ਸ਼ਾਬਦਿਕ ਅਦਲਾ ਬਦਲੀ ਸੈੱਟ ਵਿਚ ਕੰਮ ਕਰਨ ਵਾਲੇ ਬੁਨਿਆਦੀ ਨੇਮ ਮੈਟਾਫ਼ਰ ਅਤੇ ਮੈਟੋਨਿਮੀ ਦੇ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਕਿਸੇ ਭਾਸ਼ਾਈ ਉਚਾਰ ਵਿਚ ਉਨੀ ਦੇਰ ਤਕ ਕਿਸੇ ਵੀ ਸਿਸਟਮ ਦੀ ਘਾੜ੍ਹਤ ਨਹੀਂ ਹੋ ਸਕਦੀ ਜਿੰਨੀ ਦੇਰ ਤਕ ਇਹਨਾਂ ਦੀ ਹੋਂਦ ਨਾ ਹੋਵੇ।"[13]

ਮੂਲ ਰੂਪ ਵਿਚ ਸਭਿਆਚਾਰ ਦੀਆਂ ਸਾਰੀਆਂ ਵੰਨਗੀਆਂ ਨੂੰ ਚਿਹਨ ਵਿਗਿਆਨ ਹੀ ਸੰਚਾਰਤ ਕਰਦਾ ਹੈ। ਜਿਵੇਂ "ਪੰਜਾਬਣ ਔਰਤ ਦੇ ਕਲਾਤਮਕ ਪਹਿਲੂ ਸਿੱਧੇ ਤੌਰ ਤੇ ਉਪਭੋਗਤਾ ਨਾਲ ਜੁੜੇ ਹੋਏ ਹਨ। ਇਹ ਉਪਭੋਗਤਾ ਜ਼ਰੂਰਤਾਂ ਨੂੰ ਪੂਰਿਆਂ ਕਰਦੇ ਹੋਏ, ਉਨ੍ਹਾਂ ਰਾਹੀਂ ਹੀ ਆਪਣੇ ਮਾਨਸਿਕ ਦਬਾਵਾਂ, ਦਮਨਾਂ, ਇੱਛਾਵਾਂ ਦਾ ਇਜ਼ਹਾਰ ਕਰਦੀ ਹੈ। ਭੜੋਲੀਆਂ ਬਣਾਉਣ ਸਮੇਂ ਜਿੱਥੇ ਅਨਾਜ ਨੂੰ ਸਟੋਰ ਕਰਨ ਦਾ ਉਪਭੋਗੀ ਮਸਲਾ ਹੈ, ਉਥੇ ਭੜੋਲੀਆਂ ਉੱਤੇ ਪਏ ਮੋਰ, ਤੋਤੇ, ਸ਼ੇਰ, ਘੋੜੇ ਆਦਿ ਉਸ ਦੀਆਂ ਦੱਬੀਆਂ ਭਾਵਨਾਵਾਂ ਦਾ ਕਲਾਤਮਕ ਅਤੇ ਜਿਣਸੀ ਪ੍ਰਤੀਕ ਵੀ ਹਨ। ਇਉਂ ਪੰਜਾਬੀ ਔਰਤ ਦੀਆਂ ਸਿਰਜਣਾਵਾਂ ਦਾ ਚਿਹਨ ਸ਼ਾਸਤਰ ਇਤਿਹਾਸਕ ਅਤੇ ਵਿਚਾਰਧਾਰਕ ਦ੍ਰਿਸ਼ਟੀ ਤੋਂ ਉਸ ਦੇ ਜਜ਼ਬਿਆਂ ਦੇ ਤਰਕ ਦੀ ਥਾਹ ਪੁਆ ਸਕਦਾ ਹੈ।"[14] ਪ੍ਰਾਪਤ ਅਧਿਐਨ ਵਿਚ ਜਿੱਥੇ ਚਿਹਨ ਵਿਗਿਆਨਕ ਅਧਿਐਨ ਦੇ ਸਾਰਥਕ ਪਰਿਣਾਮ ਸਾਹਮਣੇ ਆਏ ਹਨ, ਉਥੇ ਅਲੋਪ ਹੋ ਰਹੇ ਸਭਿਆਚਾਰਕ ਰੂਪਾਂ ਦੀ ਸਮੱਸਿਆ ਵੀ ਦ੍ਰਿਸ਼ਟੀਗੋਚਰ ਹੋਈ ਹੈ। "ਕੰਧ ਚਿੱਤਰਾਂ, ਬਾਗ, ਫੁਲਕਾਰੀਆਂ, ਦਰੀਆਂ, ਨਾਲੇ, ਖੁਣਨ ਕਲਾ, ਚਿੱਤਰਕਾਰੀ, ਸੀਮਿੰਟ ਦੇ ਫੁੱਲਾਂ ਤੇ ਗਹਿਣਿਆਂ ਦੇ ਡਿਜ਼ਾਈਨਾਂ, ਬੁੱਤ ਤਰਾਸ਼ੀ ਆਦਿ ਦੇ ਪੰਜਾਬੀ ਸਮਾਜ ਵਿਚ ਘੱਟ ਰਹੇ ਮਹੱਤਵ ਦਾ ਕਾਰਨ ਪੰਜਾਬ ਦੇ ਲੋਕਾਂ ਵਿਚ ਸਮੂਰਤ ਚਿਹਨ ਪ੍ਰਣਾਲੀ ਦੀ ਖ਼ਤਮ ਹੋ ਰਹੀ ਪ੍ਰੈਕਟਿਸ ਹੈ। ਇਹੋ ਹਾਲ ਸੰਗੀਤਕ ਅਤੇ ਸਮਾਜ ਸੰਕੇਤਕ ਚਿਹਨ ਪ੍ਰਣਾਲੀਆਂ ਦਾ ਹੋ ਰਿਹਾ ਹੈ, ਜਿਸ ਕਰਕੇ ਪੰਜਾਬੀ ਸਮਾਜ ਵਿਚੋਂ ਨ੍ਰਿਤ, ਸੰਗੀਤ, ਰੰਗਮੰਚ, ਅਖਾੜੇ, ਲੈਅ, ਤਾਲ, ਨਕਲਾਂ, ਤਮਾਸ਼ੇ, ਬਾਜ਼ੀਗਰੀ ਆਦਿ ਸਭ ਅਲੋਪ ਹੁੰਦੇ ਜਾ ਰਹੇ ਹਨ।"[15]

ਸਪੱਸ਼ਟ ਹੈ ਕਿ ਸਭਿਆਚਾਰ ਅਤੇ ਭਾਸ਼ਾ ਮਨੁੱਖ ਸਿਰਜਿਤ ਵਰਤਾਰੇ ਹਨ। ਇਹ ਆਪਸ ਵਿਚ ਅੰਤਰਸੰਬੰਧਤ ਵੀ ਹਨ ਅਤੇ ਅੰਤਰਨਿਰਧਾਰਤ ਵੀ। ਭਾਸ਼ਾ ਦਾ ਉਸਦੇ ਸਮਾਜ-ਸਭਿਆਚਾਰ ਦੇ ਅੰਦਰ ਹੀ ਬੁਨਿਆਦੀ ਮਹੱਤਵ ਹੈ। ਨਾ ਤਾਂ ਕੋਈ ਅਜਿਹਾ ਭਾਸ਼ਾਈ ਸਮੂਹ ਹੈ ਜੋ ਸਭਿਆਚਾਰ ਤੋਂ ਸੱਖਣਾ ਹੋਵੇ ਅਤੇ ਨਾ ਹੀ ਕੋਈ ਸਭਿਆਚਾਰ ਭਾਸ਼ਾ ਤੋਂ ਵਿਰਵਾ ਹੈ। ਅਸਲ ਵਿਚ ਭਾਸ਼ਾ ਅਤੇ ਸਭਿਆਚਾਰ ਇਕ-ਦੂਜੇ ਦੇ ਪੂਰਕ ਹਨ। ਸਭਿਆਚਾਰ ਭਾਸ਼ਾਈ ਪ੍ਰਬੰਧ ਵਾਂਗ ਹੀ ਇਕ ਅਰਥਗਤ ਅਤੇ ਸੁਨਿਯਮਤ ਨੇਮ ਪ੍ਰਬੰਧ ਹੈ। ਹਰੇਕ ਸਭਿਆਚਾਰ ਸੁਨਿਯਮਤ ਅਰਥ ਸੰਚਾਰ ਕਰਦਾ ਹੈ, ਜਦਕਿ ਉਸਦੀ ਬਣਤਰ ਅਤੇ ਅਰਥ ਸੰਚਾਰ ਵਿਚ ਇਕ-ਦੂਜੇ ਤੋਂ ਵੱਖਰਤਾ ਹੁੰਦੀ ਹੈ। ਮਸਲਨ ਸਾਡਾ ਪਹਿਰਾਵਾ, ਰੀਤੀ-ਰਿਵਾਜ, ਰਿਸ਼ਤਾ-ਨਾਤਾ ਪ੍ਰਬੰਧ, ਕਦਰਾਂ-ਕੀਮਤਾਂ ਆਦਿ ਦੂਜੇ ਸਭਿਆਚਾਰ ਨਾਲੋਂ ਭਿੰਨ ਹਨ, ਪਰੰਤੂ ਇਹ ਸਾਰਾ ਸਭਿਆਚਾਰਕ ਪ੍ਰਬੰਧ ਭਾਸ਼ਾਈ ਪ੍ਰਬੰਧ ਵਾਂਗ ਹੀ ਹੈ। ਇਸ ਸਭਿਆਚਾਰਕ ਪ੍ਰਬੰਧ ਦੀ ਆਪਣੀ ਇਕ ਸੁਨਿਸ਼ਚਤ ਵਿਆਕਰਣ ਹੁੰਦੀ ਹੈ ਅਤੇ ਜਿਸਦੇ ਵਿਗਿਆਨਕ ਅਧਿਐਨ ਰਾਹੀਂ ਸਭਿਆਚਾਰ ਦੇ ਪ੍ਰਬੰਧਕੀ ਵਿਧਾਨ, ਸੰਰਚਨਾ, ਬਣਤਰ, ਨਿਯਮ-ਪ੍ਰਬੰਧ, ਅਰਥ ਸੰਚਾਰਨ ਵਿਧੀ ਅਤੇ ਸੰਚਾਰਿਤ ਅਰਥਾਂ ਨੂੰ ਸਮਝਿਆ ਜਾ ਸਕਦਾ ਹੈ। ਅਸਲ ਵਿਚ ਸਭਿਆਚਾਰਕ ਪ੍ਰਬੰਧ ਦੇ ਇਹ ਸਾਰੇ ਪ੍ਰਗਟਾਅ ਪੱਖ ਵਿਆਪਕ ਚਿਹਨ ਪ੍ਰਬੰਧ ਦਾ ਹੀ ਹਿੱਸਾ ਹਨ। ਚਿਹਨ ਵਿਗਿਆਨ (ਭਾਸ਼ਾ ਵਿਗਿਆਨ ਦੀ ਸ਼ਾਖਾ) ਸਭਿਆਚਾਰ ਨੂੰ ਇਕ ਸੰਚਾਰ ਪ੍ਰਬੰਧ ਦੇ ਅੰਤਰਗਤ ਚਿਹਨ ਪ੍ਰਬੰਧਾਂ ਅਨੁਕੂਲ ਵਿਚਾਰਨ ਨਾਲ ਸੰਬੰਧਤ ਹੈ। ਸਭਿਆਚਾਰ ਦੀਆ ਸਾਰੀਆਂ ਵੰਨਗੀਆਂ ਚਿਹਨ ਵਿਗਿਆਨ ਹੀ ਸੰਚਾਰਤ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1. "ਪੰਜਾਬੀ ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ", **ਪੰਜਾਬੀ ਸਭਿਆਚਾਰ ਇਕ ਵਿਸ਼ਲੇਸ਼ਣ**, ਸੰਪਾ. ਅਮਰਜੀਤ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ-81.
2. ਡਾ. ਜਗੀਰ ਸਿੰਘ ਨੂਰ, **ਪੰਜਾਬੀ ਸਭਿਆਚਾਰ : ਮੂਲ ਪਛਾਣ**, ਨੈਸ਼ਨਲ ਬੁੱਕ ਟਰਸਟ, ਇੰਡੀਆ, 2008, ਪੰਨਾ 1.
3. ਡਾ. ਗੁਰਜੀਤ ਸਿੰਘ, **ਸਭਿਆਚਾਰ ਦਾ ਫਲਸਫ਼ਾ**, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ-8.
4. **ਉਹੀ**, ਪੰਨਾ-1.
5. ਗੁਰਬਖਸ਼ ਸਿੰਘ ਫਰੈਂਕ, **ਸਭਿਆਚਾਰ ਅਤੇ ਪੰਜਾਬੀ ਸਭਿਆਚਾਰ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2010, ਪੰਨਾ-82.
6. **ਉਹੀ** ਪੰਨਾ।
7. ਪ੍ਰੋ. ਜੀਤ ਸਿੰਘ ਜੋਸ਼ੀ, **ਸਭਿਆਚਾਰ : ਸਿਧਾਂਤ ਤੇ ਵਿਹਾਰ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2009, ਪੰਨਾ - 10.
8. ਡਾ. ਗੁਰਜੀਤ ਸਿੰਘ, **ਉਹੀ**, ਪੰਨਾ-80.
9. ਪ੍ਰੋ. ਜੀਤ ਸਿੰਘ ਜੋਸ਼ੀ, **ਉਹੀ**, ਪੰਨਾ-10.
10. ਗੁਰਪਾਲ ਸਿੰਘ ਸੰਧੂ, **ਭਾਸ਼ਾ ਵਿਗਿਆਨ ਅਤੇ ਸਾਹਿਤ ਸ਼ਾਸਤ੍ਰ**, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1989, ਪੰਨਾ-51.
11. ਪ੍ਰੋ. ਜੀਤ ਸਿੰਘ ਜੋਸ਼ੀ, **ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ਪੰਨਾ-181.
12. ਡਾ. ਬਲਦੇਵ ਰਾਜ ਗੁਪਤਾ, **ਭਾਸ਼ਾ-ਵਿਗਿਆਨ**, ਪੈਪਸੂ ਬੁੱਕ ਡੀਪੂ, ਪਟਿਆਲਾ, 1980, ਪੰਨਾ- 25.
13. ਪ੍ਰੋ. ਜੀਤ ਸਿੰਘ ਜੋਸ਼ੀ, **ਉਹੀ**, ਪੰਨਾ-183.
14. ਡਾ. ਦਵਿੰਦਰ ਸਿੰਘ, **ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2012, ਪੰਨਾ-100.
15. **ਉਹੀ** ਪੰਨਾ।


◈